بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.09.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਲਈ ਪ੍ਰੇਮ ਸਾਰਿਆਂ ਮਨੁੱਖਾਂ ਦੇ ਪ੍ਰੇਮ ਤੋਂ ਵੱਧ ਹੋਣਾ ਚਾਹੀਦਾ ਹੈ ਕਿਉਂਕਿ ਹੁਣ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਰਾਹੀਂ ਹੀ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ। ਆਪ ਦੇ ਆਦੇਸ਼ਾਂ ਉਪੱਰ ਅਮਲ ਕਰਕੇ ਆਪ ਦੀਆਂ ਸੁਨੱਤਾਂ (ਪੈੜਾਂ ਤੇ ਪਦਚਿੰਨ੍ਹਾ) ਉਪੱਰ ਚਲੱਕੇ ਹੀ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ, ਦੁਆਵਾਂ ਦੀ ਪਰਵਾਨਗੀ ਅਤੇ ਚੰਗੇ ਅੰਤ ਦਾ ਵਸੀਲਾ ਹੁਣ ਆਪ ਸਲਲੱਾਹੁ ਅਲੈਹਿ ਵਸਲੱਮ ਹੀ ਹਨ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦਾ ਮਹਿਬੂਬ (ਪ੍ਰੇਮੀ) ਬਣਨ ਲਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਹੀ ਇਕ ਮਾਰਗ ਹੈ ਅਤੇ ਕੋਈ ਦੂਜਾ ਮਾਰਗ ਨਹੀਂ ਜੋ ਤੁਹਾਨੂੰ ਰੱਬ ਨਾਲ ਮਿਲਾ ਦੇਵੇ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਸਤੰਬਰ 2019 ਈ. ਨੂੰ ਜਲਸਾਗਾਹ ਹਾਲੈਂਡ, ਨਨਸਪੈਟ ਵਿੱਚ ਦਿਤੱਾ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਰੱਬ ਦੀ ਮਿਹਰ ਨਾਲ ਜਮਾਤ ਅਹਮਦੀਆ ਹਾਲੈਂਡ ਦਾ ਜਲਸਾ ਸਾਲਾਨਾ ਸ਼ੁਰੂ ਹੋ ਰਿਹਾ ਹੈ ਅਤੇ ਕਈ ਸਾਲਾਂ ਬਾਦ ਮੈਨੂੰ ਵੀ ਰੱਬ ਤੌਫ਼ੀਕ ਦੇ ਰਿਹਾ ਹੈ ਕਿ ਮੈਂ ਆਪਦੇ ਜਲਸੇ ਵਿੱਚ ਸ਼ਾਮਲ ਹੋਵਾਂ। ਬੀਤੇ ਕੁਝ ਸਾਲਾਂ ਵਿੱਚ ਹਾਲੈਂਡ ਦੀ ਜਮਾਤ ਵਿੱਚ ਵਾਧਾ ਹੋਇਆ ਹੈ। ਬਹੁਤ ਸਾਰੇ ਲੋਕ ਪਾਕਿਸਤਾਨ ਤੋਂ ਹਿਜਰਤ ਕਰਕੇ ਆਏ ਹਨ। ਕੁਝ ਨਵੇਂ ਲੋਕ ਵੀ ਜਮਾਤ ਵਿੱਚ ਸ਼ਾਮਲ ਹੋਏ ਹਨ। ਬਹਿਰਹਾਲ ਦੁਨੀਆ ਦੀਆਂ ਹੋਰਨਾ ਜਮਾਤਾਂ ਵਾਂਗ ਹਾਲੈਂਡ ਦੀ ਜਮਾਤ ਵੀ ਤਰੱਕੀ ਕਰ ਰਹੀ ਹੈ। ਨਵੇਂ ਸੈਂਟਰਜ਼ ਬਣੇ ਹਨ ਅਤੇ ਮਸਜਿਦਾਂ ਵੀ ਬਣੀਆਂ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ : ਚੇਤੇ ਰੱਖੋ ਇਹ ਗਿਣਤੀ ਵਿੱਚ ਵਾਧਾ ਜਾਂ ਮਿਸ਼ਨ ਹਾਊਸਜ਼ਸ ਤੇ ਸੈਂਟਰਜ਼ ਬਨਾਉਣਾ ਜਾਂ ਮਸਜਿਦਾਂ ਬਨਾਉਣੀਆਂ ਉਸੇ ਸਮੇਂ ਲਾਭ ਦਿੰਦਾ ਹੈ ਜੱਦ ਇਹਨਾ ਦੇ ਉਦੇਸ਼ਿਆਂ ਨੂੰ ਪੂਰਾ ਕੀਤਾ ਜਾਵੇ। ਸੋ, ਇੱਥੋਂ ਦੇ ਰਹਿਣ ਵਾਲੇ ਹਰ ਅਹਮਦੀ ਨੂੰ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ ਅਤੇ ਇਸ ਗੱਲ ਦੀ ਲੋੜ ਹੈ ਕਿ ਦੇਖੇ

ਤੇ ਪੁਣਛਾਣ ਕਰੇ ਕਿ ਉਹ ਕੀ ਉਦੇਸ਼ ਹਨ ਜੋ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣ ਕੇ ਪੂਰੇ ਕਰਨੇ ਹਨ । ਜਿਵੇਂ ਕਿ ਮੈਂ ਕਿਹਾ ਪਿਛੱਲੇ ਕੁਝ ਸਾਲਾਂ ਵਿੱਚ ਬਹੁਤ ਸਾਰੇ ਅਹਮਦੀ ਹਿਜਰਤ ਕਰਕੇ ਇੱਥੇ ਆਏ ਹਨ । ਕਿਉਂ ਹਿਜਰਤ ਕਰਕੇ ਆਏ ਹਨ ? ਇਸ ਲਈ ਕਿ ਵਿਸ਼ੇਸ਼ ਰੂਪ ਵਿੱਚ ਪਾਕਿਸਤਾਨ ਵਿੱਚ ਅਹਮਦੀਆਂ ਨੂੰ ਧਾਰਮਕ ਅਜ਼ਾਦੀ ਨਹੀਂ ਹੈ । ਅਹਮਦੀਆਂ ਨੂੰ ਧਰਮ ਦੇ ਨਾਂ'ਤੇ ਤੰਗ ਕੀਤਾ ਜਾਂਦਾ ਹੈ । ਇਹਨਾ ਦੇ ਹੱਕ ਖੋਹ ਲਏ ਜਾਂਦੇ ਹਨ । ਮਸਜਿਦਾਂ ਬਨਾਉਣਾ ਤਾਂ ਇਕ ਪਾਸੇ ਲੋਕਾਂ ਦੀ ਸੀਖ ਸਿੱਖਿਆ ਲਈ ਜਲਸੇ ਅਤੇ ਸਮਾਗਮ ਕਰਨ ਤੋਂ ਵੀ ਰੋਕਿਆ ਜਾਂਦਾ ਹੈ ਸਗੋਂ ਘਰਾਂ ਵਿੱਚ ਵੀ ਨੀਯਮਾਂ ਦੇ ਪੱਖੋਂ ਅਸੀਂ ਨਮਾਜ਼ਾਂ ਨਹੀਂ ਪੜ੍ਹ ਸਕਦੇ । ਕੁਰਬਾਨੀ ਦੀ ਈਦ ਸਮੇਂ ਅਸੀਂ ਜਾਨਵਰਾਂ ਦੀਆਂ ਕੁਰਬਾਨੀਆਂ ਨਹੀਂ ਕਰ ਸਕਦੇ । ਕਾਨੂਨ ਆਗਿਆ ਨਹੀਂ ਦਿੰਦਾ । ਮੁਕਦੱਮੇ ਹੋ ਜਾਂਦੇ ਹਨ । ਸੋ, ਹਰ ਅਹਮਦੀ ਜੋ ਇਹਨਾ ਪਾਬੰਦੀਆਂ ਤੋਂ ਅਜ਼ਾਦ ਹੋਕੇ ਇੱਥੇ ਜੀਵਨ ਲੰਘਾ ਰਿਹਾ ਹੈ ਰੱਬ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦਾ ਹੱਕ ਪੂਰਾ ਕਰਨ ਦਾ ਭਰਪੂਰ ਜਤਨ ਕਰਨਾ ਚਾਹੀਦਾ ਹੈ । ਆਪਣੀ ਆਤਮਤ, ਭੌਤਕ ਤੇ ਆਚਰਣਕ ਹਾਲਤ ਨੂੰ ਚੰਗਾ ਬਨਾਉਣ ਦਾ ਜਤਨ ਕਰਨਾ ਚਾਹੀਦਾ ਹੈ । ਜੇਕਰ ਸਾਡੇ ਕਰਮ ਰੱਬ ਦੇ ਆਦੇਸ਼ਾਂ ਅਨੁਸਾਰ ਨਹੀਂ ਜੇਕਰ ਅਸੀਂ ਆਪਣੇ ਅੰਦਰ ਪਾਕ ਤਬਦੀਲੀਆਂ ਪਹਿਲਾਂ ਤੋਂ ਵਧੱਕੇ ਪੈਦਾ ਕਰਨ ਦਾ ਜਤਨ ਨਹੀਂ ਕੀਤਾ ਅਤੇ ਰੱਬ ਅਤੇ ਉਸਦੇ ਰਸੂਲ ਦੇ ਪ੍ਰੇਮ ਦੇ ਪ੍ਰਗਟਾਵੇ ਪਹਿਲਾਂ ਤੋਂ ਵਧੱਕੇ ਨਹੀਂ ਹੋ ਰਹੇ ਤਾਂ ਇਸ ਅਜ਼ਾਦੀ ਦਾ ਕੀ ਲਾਭ ਹੈ ? ਇਹਨਾ ਜਲਸਿਆਂ ਵਿੱਚ ਸ਼ਾਮਲ ਹੋਣ ਦਾ ਕੀ ਲਾਭ ? ਮਸਜਿਦਾਂ ਦੀ ਉਸਾਰੀ ਦਾ ਕੀ ਲਾਭ ਹੈ ? ਹਕੀਕੀ ਲਾਭ ਤਾਂ ਸਾਨੂੰ ਇਸ ਅਜ਼ਾਦੀ ਦਾ ਫਿਰ ਹੀ ਸਾਨੂੰ ਹੋਵੇਗਾ ਜੱਦ ਅਸੀਂ ਬੈਅਤ ਦਾ ਹੱਕ ਅਦਾ ਕਰੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਜਲਸੇ ਦੇ ਮੰਤਵ ਵਰਨਣ ਕਰਦਿਆਂ ਹੋਇਆਂ ਆਪਣੀ ਬੈਅਤ ਵਿੱਚ ਆਉਣ ਵਾਲਿਆਂ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ : ਇਸ ਨਿਮਾਣੇ ਦੀ ਬੈਅਤ ਵਿੱਚ ਆਉਣ ਵਾਲੇ ਸਾਰਿਆਂ ਭਲੇ ਪੁਰਖਾਂ'ਤੇ ਸਪਸ਼ਟ ਹੋਵੇ ਕਿ ਬੈਅਤ ਕਰਨ ਦਾ ਉਦੇਸ਼ ਇਹ ਹੈ ਕਿ ਦੁਨੀਆ ਦੀ ਅੱਗ ਠੰਡੀ ਹੋਵੇ ਅਤੇ ਆਪਣੇ ਰੱਬ ਤੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦਾ ਸੁਹਿਰਦ ਪ੍ਰੇਮ ਗ਼ਾਲਬ ਹੋ ਜਾਵੇ ਅਤੇ ਅਜਿਹੀ ਅਟੁਟ ਅਵਸਥਾ ਬਣ ਜਾਏ ਜਿਸ ਨਾਲ ਅੰਤਮ ਯਾਤਰਾ ਮਕਰੂਹ ਅਨੁਭਵ ਨ ਹੋਵੇ ।

ਸੋ, ਬਹੁਤ ਹੀ ਸਪਸ਼ਟ ਫ਼ਰਮਾਨ ਹੈ ਕਿ ਮੇਰੀ ਬੈਐਤ ਵਿੱਚ ਆਣਕੇ ਕੇਵਲ ਜ਼ੁਬਾਨੀ ਦਾਵਿਆਂ ਤੱਕ ਨ ਰਹੋ ਸਗੋਂ ਭਲੇ ਪੁਰਖਾਂ ਵਿੱਚ ਸ਼ਾਮਲ ਹੋ ਜਾਓ ਅਤੇ ਨੇਕੀ ਤੇ ਵਫ਼ਾਦਾਰੀ ਵਿੱਚ ਉਸ ਸਮੇਂ ਤਰੱਕੀ ਹੋ ਸਕਦੀ ਹੈ ਜੱਦ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦਾ ਮੋਹ ਸਾਰੀਆਂ ਮੁਹਬੱਤਾਂ ਤੋਂ ਵਧੱਕੇ ਹੋਵੇ । ਇਸ ਲਈ ਬੈਅਤ ਦੀਆਂ ਸ਼ਰਤਾਂ ਵਿੱਚ ਵੀ ਆਪਨੇ ਇਹ ਸ਼ਰਤ ਰੱਖੀ ਹੈ ਕਿ ਬੈਅਤ ਕਰਨ ਵਾਲਾ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦੇ ਫ਼ਰਮਾਨਾ ਨੂੰ ਹਰ ਮਾਮਲੇ ਵਿੱਚ ਅਮਲ ਕਰਨ ਯੋਗ ਕਰਾਰ ਦੇਵੇਗਾ । ਸੋ, ਇਹ ਜਲਸੇ ਇਸ ਲਈ ਆਯੋਜਤ ਕੀਤੇ ਜਾਂਦੇ ਹਨ ਤਾਂ ਜੋ ਵਾਰ ਵਾਰ ਸਾਨੂੰ ਇਸ ਗੱਲ ਦੀ ਚਿਤਾਵਨੀ ਹੁੰਦੀ ਰਹੇ ਕਿ ਸਾਡੀ ਬੈਅਤ ਦਾ ਮੰਤਵ ਕੀ ਹੈ । ਇਹ ਕੋਈ ਸਧਾਰਣ ਗੱਲ ਨਹੀਂ ਹੈ ਕਿ ਦੁਨੀਆ ਦਾ ਪ੍ਰੇਮ ਬਿਲਕੁਲ ਨਿਕਲ ਜਾਵੇ ਅਤੇ ਰੱਬ ਅਤੇ ਉਸਦੇ ਰਸੂਲ ਦਾ ਪ੍ਰੇਮ ਉਸ'ਤੇ ਵਿਜੇਈ ਹੋ ਜਾਵੇ । ਇਸ ਵਾਸਤੇ ਉਸਨੂ ਵੱਡੇ ਸੰਘਰਸ਼ ਦੀ ਲੋੜ ਹੈ ਅਤੇ ਜੱਦ ਅਸੀਂ ਬੈਅਤ ਦਾ ਪ੍ਰਣ ਕੀਤਾ ਹੈ ਤਾਂ ਇਹ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਕਰਨਾ ਪਏਗਾ ।

ਫਿਰ ਜਿਸ ਗੱਲ ਵੱਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਧਿਆਨ ਦੁਆਇਆ ਹੈ ਉਹ ਹੈ ਰਸੂਲ ਸਲਲੱਾਹੁ ਆਲੈਹਿ ਵਸਲੱਮ ਨਾਲ ਪ੍ਰੇਮ । ਆਪਨੇ ਸਪਸ਼ਟ ਫ਼ਰਮਾਇਆ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ

ਵਸਲੱਮ ਲਈ ਪ੍ਰੇਮ ਸਾਰੀਆਂ ਮੁਹਬੱਤਾਂ ਨਾਲੋਂ ਵੱਧ ਹੋਣਾ ਚਾਹੀਦਾ ਹੈ ਕਿਉਂਕਿ ਹੁਣ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਰਾਹੀਂ ਹੀ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ । ਆਪਦੇ ਆਦੇਸ਼ਾਂ ਉਪੱਰ ਅਮਲ ਕਰਕੇ ਅਤੇ ਆਪਦੀਆਂ ਸੁਨੱਤਾਂ (ਪੈੜਾਂ ਤੇ ਪਦਚਿੰਨ੍ਹਾ) ਉਪੱਰ ਚਲਕੇ ਹੀ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ । ਦੁਆਵਾਂ ਦੀ ਪਰਵਾਨਗੀ ਅਤੇ ਚੰਗਾ ਅੰਤ ਹੋਣ ਦਾ ਵਸੀਲਾ ਹੁਣ ਆਪ ਸਲਲੱਾਹੁ ਅਲੈਹਿ ਵਸਲਮ ਹੀ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦਾ ਪਿਆਰਾ ਬਣਨ ਲਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਹੀ ਇਕ ਮਾਤਰ ਮਾਰਗ ਹੈ ਅਤੇ ਕੋਈ ਦੂਜਾ ਮਾਰਗ ਨਹੀਂ ਹੈ ਕਿ ਤੁਹਾਨੂੰ ਰੱਬ ਨਾਲ ਮਿਲਾ ਦੇਵੇ । ਮਨੁੱਖ ਦਾ ਮੂਲ ਮੁਦੱਾ ਕੇਵਲ ਉਸ ਇਕੋ ਇੱਕ ਰੱਬ ਦੀ ਭਾਲ ਹੋਣਾ ਚਾਹੀਦਾ ਹੈ । ਇਹੋ ਮੰਤਵ ਹੋਣਾ ਚਾਹੀਦਾ ਹੈ ਕਿ ਅਸੀਂ ਕੇਵਲ ਇੱਕੋ ਇੱਕ ਰੱਬ ਦੀ ਭਾਲ ਕਰਨੀ ਹੈ, ਕਿਸੇ ਹੋਰ ਚੀਜ਼ ਦੀ ਭਾਲ ਨਹੀਂ ਕਰਨੀ, ਕਿਸੇ ਹੋਰ ਚੀਜ਼ ਨੂੰ ਰੱਬ ਦੇ ਟਾਕਰੇ'ਤੇ ਖੜ੍ਹਾ ਨਹੀਂ ਕਰਨਾ, ਫ਼ਰਮਾਇਆ ਸ਼ਿਰਕ ਤੇ ਕੁਰੀਤੀਆਂ ਤੋਂ ਬਚਣਾ ਚਾਹੀਦਾ ਹੈ, ਰੀਤੀਆਂ ਤੇ ਰਸਮਾ ਹੇਠ ਹੋਕੇ ਵਿਅਰਥ ਕਾਮਨਾਵਾਂ ਦਾ ਭਾਗੀ ਨਹੀਂ ਬਣਨਾ ਚਾਹੀਦਾ, ਫ਼ਰਮਾਇਆ, ਦੇਖੋ ਮੈਂ ਫਿਰ ਕਹਿੰਦਾ ਹਾਂ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਮਾਰਗ ਤੋਂ ਬਿਨਾ ਮਨੁੱਖ ਕਿਸੇ ਵੀ ਪ੍ਰਕਾਰ ਸਫ਼ਲ ਨਹੀਂ ਹੋ ਸਕਦਾ ।

ਫਿਰ ਫ਼ਰਮਾਇਆ ਆਪਣੇ ਅੰਦਰ ਇਕ ਵਖੱਰੀ ਸਿਥਿਤੀ ਪੈਦਾ ਕਰੋ ਅਰਥਾਤ ਅਜਿਹੀ ਸਿਥਿਤੀ ਪੈਦਾ ਕਰੋ ਜੋ ਦੁਨੀਆ ਦੇ ਲੋਭ ਮੋਹ ਤੇ ਚਕਾ ਚੋਂਧ ਤੋਂ ਤੁਹਾਰਨੂੰ ਵੱਖਰਿਆਂ ਕਰ ਦੇਵੇ । ਤੁਹਾਡਾ ਹਰ ਕਰਮ ਹਰ ਅਮਲ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦੇ ਆਦੇਸ਼ਾਂ ਹੇਠ ਹੋ ਜਾਏ, ਨਿਰਸੰਦੇਹ ਦੁਨੀਆ ਕਮਾਉਣਾ ਅਤੇ ਸੰਸਾਰਕ ਕੰਮ ਤੇ ਕਾਰੋਬਾਰ ਕਰਨਾ ਇਹ ਮਨਾ ਨਹੀਂ ਹੈ । ਰੱਬ ਨੇ ਹੀ ਇਹਨਾ ਦਾ ਹੁਕਮ ਦਿਤੱਾ ਹੈ । ਸਹਾਬਾ ਰਿਜ਼ਵਾਨੁਲੱਾ ਅਲੈਹਿਮ ਵੀ ਕਾਰੋਬਾਰ ਕਰਦੇ ਸਨ ਵਪਾਰ ਕਰਦੇ ਸਨ, ਪਰ ਰੱਬ ਅਤੇ ਉਸਦੇ ਰਸੂਲ ਦਾ ਪ੍ਰੇਮ ਉਹਨਾ ਉਪੱਰ ਗ਼ਾਲਬ ਸੀ ਅਤੇ ਉਹ ਹਰ ਸਮੇਂ ਇਸ ਚਿੰਤਾ ਵਿੱਚ ਰਹਿੰਦੇ ਸਨ ਕਿ ਅਸੀਂ ਰੱਬ ਦੀ ਇਬਾਦਤ ਦੇ ਹੱਕ ਵੀ ਪੂਰੇ ਕਰਨੇ ਹਨ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਆਦੇਸ਼ਾਂ ਦੀ ਪੈਰ੍ਹਵੀ ਵੀ ਕਰਨੀ ਹੈ । ਉਹਨਾ ਨੂੰ ਇਕ ਫ਼ਿਕਰ ਹੁੰਦੀ ਸੀ ਕਿ ਸਾਡੇ ਕੋਲੋਂ ਕੋਈ ਅਜਿਹਾ ਕਰਮ ਨ ਹੋ ਜਾਏ ਜਿਸ ਤੋਂ ਸਾਡਾ ਮਹਿਬੂਬ ਸਾਥੋਂ ਨਰਾਜ਼ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਲਸੇ ਦੇ ਰੂਹਾਨੀ ਵਾਤਾਵਰਨ ਤੋਂ ਲਾਭ ਲੈਂਣ ਲਈ ਅਤੇ ਆਪਣੀਆਂ ਕਰਮ ਰੂਪੀ ਹਾਲਤਾਂ ਵਿੱਚ ਬਿਹਤਰੀ ਲਿਆਉਣ ਲਈ ਹੀ ਅਸੀਂ ਤਿੰਨ ਦਿਨਾਂ ਲਈ ਇਕਤੱਰ ਹੋਏ ਹਾਂ । ਸੋ, ਇਹ ਹਮੇਸ਼ਾ ਖ਼ਿਆਲ ਰਖੱਣਾ ਚਾਹੀਦਾ ਹੈ ਕਿ ਅਤੇ ਸਾਡੀ ਸੋਚ ਇਹੋ ਹੋਣੀ ਚਾਹੀਦੀ ਹੈ ਕਿ ਸਾਡਾ ਇੱਥੇ ਤਿੰਨ ਦਿਨਾਂ ਲਈ ਇਕਤੱਰ ਹੋਣ ਦਾ ਮੰਤਵ ਕੀ ਹੈ, ਇਹੋ ਕਿ ਇਸ ਰੂਹਾਨੀ ਮਹੌਲ ਦਾ ਲਾਭ ਚੁੱਕੀਏ ਅਤੇ ਆਪਣੀਆਂ ਅਮਲੀ ਹਾਲਤਾਂ ਵਿੱਚ ਬਿਹਤਰੀ ਲਿਆਉਣ ਦਾ ਜਤਨ ਕਰੀਏ ਅਤੇ ਆਪਣੀਆਂ ਬੁਰਾਈਆਂ ਨੂੰ ਦੂਰ ਕਰਨ ਦਾ ਜਤਨ ਕਰੀਏ, ਜ਼ਿਕਰੇ ਇਲਾਹੀ (ਰੱਬ ਦਾ ਸਿਮਰਣ) ਤੇ ਇਸਤਗ਼ਫ਼ਾਰ (ਖਿਮਾ ਯਾਚਨਾ) ਵੱਲ ਬਹੁਤਾ ਧਿਆਨ ਦੇਈਏ । ਸਮਝਦਾਰੀ ਤਾਂ ਇਸੇ ਵਿੱਚ ਹੈ ਕਿ ਇਹਨਾ ਤਿੰਨਾ ਦਿਨਾਂ ਨੂੰ ਇਕ ਟ੍ਰੇਨਿੰਗ ਕੈਂਪ ਦੇ ਰੂਪ ਵਿੱਚ ਸਮਝਿਆ ਜਾਏ ਅਤੇ ਸਾਡੀਆਂ ਅਮਲੀ ਹਾਲਤਾਂ ਵਿੱਚ ਜੋ ਕਮੀਆਂ ਆ ਗਈਆਂ ਹਨ ਉਹਨਾ ਨੂੰ ਦੂਰ ਕਰਨ ਦਾ ਜਤਨ ਕਰੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਲਸੇ ਦਾ ਮੰਤਵ ਇਮਾਨ ਵਿੱਚ ਤਰੱਕੀ ਹੈ । ਮਾਰਫ਼ਤ ਵਿੱਚ ਵਧੱਣਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਲ ਨੇ ਫ਼ਰਮਾਇਆ ਹੈ ਕਿ ਇਹ ਸੰਸਾਰਕ ਮੇਲਿਆਂ ਵਾਂਗ ਮੇਲਾ ਨਹੀਂ ਹੈ ਕਿ ਅਸੀਂ ਇਕਤੱਰ ਹੋਏ ਅਤੇ ਰੌਲ੍ਹਾ ਰਪੱਾ ਪਾ ਦਿਤੱਾ, ਇਕੱਠੇ ਹੋ ਗਏ ਅਤੇ ਆਪਣੀ ਗਿਣਤੀ ਪ੍ਰਕਟ ਕਰ ਦਿੱਤੀ । ਇਹ ਕੋਈ ਉਦੇਸ਼ ਨਹੀਂ ਹੈ । ਸੋ, ਜਲਸੇ'ਤੇ ਆਉਣ ਵਾਲੇ ਹਰ ਵਿਅਕਤੀ ਨੂੰ, ਪੁਰੁਸ਼ ਨੂੰ ਵੀ ਤੇ ਇਸਤਰੀ ਨੂੰ ਵੀ, ਜੁਆਨ

ਨੂੰ ਵੀ ਤੇ ਬੁੱਢੇ ਨੂੰ ਵੀ ਇਸ ਵੱਲ ਧਿਆਨ ਰਖੱਣਾ ਚਾਹੀਦਾ ਹੈ ਕਿ ਉਸ ਦਾ ਇਮਾਨ, ਯਕੀਨ ਤੇ ਮਾਰਫ਼ਤ ਵਧੇ ਤਾਂ ਜੋ ਰੱਬ ਅਤੇ ਉਸ ਦੇ ਰਸੂਲ ਦੇ ਪ੍ਰੇਮ ਵਿੱਚ ਵਾਧਾ ਹੋਵੇ । ਸਾਨੂੰ ਇਹ ਨਹੀਂ ਸਮਝਣਾ ਚਾਹੀਦਾ ਹੈ ਕਿ ਅਸੀਂ ਕੇਵਲ ਰੌਣਕਾਂ ਵਧਾਉਣ ਲਈ ਇਕ ਥਾਂ ਇਕਤੱਰ ਹੋਏ ਹਾਂ ਅਤੇ ਇਧੱਰ ਉਧੱਰ ਦੀਆਂ ਗਲੱਾਂ ਕਰਨ ਵਿੱਚ ਸਮਾਂ ਲੰਘਾਕੇ ਅਸੀਂ ਚਲੇ ਜਾਵਾਂਗੇ । ਜੇਕਰ ਇਹ ਸੋਚ ਹੈ ਤਾਂ ਜਲਸੇ ਉਪੱਰ ਆਉਂਣਾ ਵਿਅਰਥ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇਕੀਆ ਦੇ ਬਜਾ ਲਿਆਉਣ ਵੱਲ ਧਿਆਨ ਦੁਆਉਂਦਿਆਂ ਹੋਇਆ ਫਰਮਾਉਂਦੇ ਹਨ ਕਿ ਨੇਕੀਆਂ ਨੂੰ ਕੇਵਲ ਇਸ ਲਈ ਕਰਨਾ ਚਾਹੀਦਾ ਹੈ ਕਿ ਰੱਬ ਖ਼ੁਸ਼ ਹੋਵੇ ਅਤੇ ਉਸਦੀ ਰਜ਼ਾ ਹਾਸਲ ਹੋਵੇ ਅਤੇ ਉਸ ਦੇ ਹੁਕਮਾ ਦੀ ਆਗਿਆਕਾਰੀ ਹੋਵੇ, ਛੁੱਟ ਇਸਦੇ ਕਿ ਇਸ'ਤੇ ਪੁੰਨ ਹੋਵੇਗਾ ਜਾਂ ਨਹੀਂ । ਸੋ, ਇਹ ਹੈ ਹਕੀਕੀ ਪ੍ਰੇਮ ਦਾ ਫ਼ਲਸਫ਼ਾ ਕਿ ਰੱਬ ਨਾਲ ਪ੍ਰੇਮ ਦਾ ਤਕਾਦਾ ਹੈ ਕਿ ਅਸੀਂ ਉਸਦੇ ਹੁਕਮਾ ਉਪੱਰ ਅਮਲ ਕਰੀਏ, ਜਿਸ ਵਿੱਚ ਇਬਾਦਤਾਂ ਵੀ ਸ਼ਾਮਲ ਹਨ ਅਤੇ ਰੱਬ ਨੇ ਬੰਦਿਆਂ ਦੇ ਹੱਕ ਵੀ ਸ਼ਾਮਲ ਹਨ । ਅਤੇ ਇਹਨਾ ਹੁਕਮਾ ਉਪੱਰ ਅਮਲ ਇਸ ਲਈ ਨਹੀਂ ਕਰਨਾ ਕਿ ਇਸਦੇ ਬਦਲੇ ਵਿੱਚ ਰੱਬ ਤੁਹਾਨੂੰ ਪ੍ਰਤੀਫਲ ਦੇਵੇਗਾ । ਫ਼ਰਮਾਇਆ ਕਿ ਬੇਸ਼ਕ ਇਹ ਸੱਚ ਹੈ ਕਿ ਰੱਬ ਕਿਸੇ ਨੇਕੀ ਨੂੰ ਨਸ਼ਟ ਨਹੀਂ ਕਰਦਾ । إِنَّ اللّٰهَ لَا يُضِيعُ أَجْرَ الْمُحْسِنِينَ ਕਿ ਰੱਬ ਪਰਉਪਕਾਰ ਕਰਨ ਵਾਲਿਆਂ ਦਾ ਪ੍ਰਤੀਫਲ ਕਦੇ ਵੀ ਨਸ਼ਟ ਨਹੀਂ ਕਰਦਾ । ਪਰ ਨੇਕੀ ਕਰਨ ਵਾਲੇ ਨੂੰ ਪ੍ਰਤੀਫਲ ਸੰਮੁੱਖ ਨਹੀਂ ਰਖੱਣਾ ਚਾਹੀਦਾ । ਸੋ, ਹਕੀਕੀ ਨੇਕੀ ਇਹੋ ਹੈ ਜੋ ਬਿਨਾ ਕਿਸੇ ਮੋਹ ਜਾਂ ਲਾਲਚ ਜਾਂ ਪੁਰਸਕਾਰ ਲਈ ਕੀਤੀ ਜਾਏ । ਰੱਬ ਜ਼ਰੂਰ ਉਸ ਨੇਕੀ ਦਾ ਬਦਲਾ ਦਿੰਦਾ ਹੈ, ਸੋ, ਜੱਦ ਸਾਡਾ ਰੱਬ ਅਜਿਹਾ ਸੁਲੂਕ ਸਾਡੇ ਨਾਲ ਕਰਦਾ ਹੈ ਤਾਂ ਸਾਡੀ ਵੀ ਜ਼ਿੱਮੇਦਾਰੀ ਬਣਦੀ ਹੈ ਕਿ ਉਸ ਦੀ ਰਜ਼ਾ ਲਈ ਅਸੀਂ ਉਹਨਾ ਗਲੱਾਂ'ਤੇ ਅਮਲ ਕਰੀਏ ਜਿੰਨ੍ਹਾ ਦੇ ਕਰਨ ਦਾ ਸਾਨੂੰ ਹੁਕਮ ਦਿਤੱਾ ਗਿਆ ਹੈ ਅਤੇ ਉਹਨਾ ਸਾਰੀਆਂ ਬੁਰਾਈਆਂ ਤੋਂ ਬਚੀਏ ਜਿੰਨ੍ਹਾ ਤੋਂ ਬਚਣ ਦਾ ਸਾਨੂੰ ਉਸ ਦੇ ਹੁਕਮ ਦਿਤੱਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਦੇਸ਼ਾਂ ਵਿੱਚ ਆਣਕੇ ਸਾਨੂੰ ਆਪਣੀਆਂ ਹਾਲਤਾਂ ਉਪੱਰ ਨਜ਼ਰ ਰਖੱਣ ਦੀ ਬਹੁਤੀ ਲੋੜ ਹੈ । ਕਈ ਵਾਰ ਖੁੱਲ ਡੁੱਲ ਨੇਕੀਆਂ ਕਰਨ ਕਰਨ ਵਿੱਚ ਰੋਕ ਬਣ ਜਾਂਦੀ ਹੈ । ਹਾਲਾਤ ਚੰਗੇ ਹੁੰਦੇ ਹਨ ਤਾਂ ਮਨੁੱਖ ਭੁੱਲ ਜਾਂਦਾ ਹੈ ਆਪਣੇ ਭੂਤਕਾਲ ਨੂੰ । ਅਸੀਂ ਸਮਝਦੇ ਹਾਂ ਕਿ ਫ਼ਲਾਣਾ ਸੰਸਾਰਕ ਕੰਮ ਅਸੀਂ ਨ ਕੀਤਾ ਤਾਂ ਸਾਨੂੰ ਨੁਕਸਾਨ ਹੋ ਜਾਏਗਾ ਪਰ ਰੱਬ ਫ਼ਰਮਾਉਂਦਾ ਹੈ ਕਿ ਰਿਜ਼ਕ ਦੇਣ ਵਾਲਾ ਮੈਂ ਹਾਂ ।

ਸੋ, ਜੇਕਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਪੂਰਾ ਕਰਨਾ ਹੈ ਤਾਂ ਰੱਬ ਦੀ ਇਬਾਦਤ ਦਾ ਹੱਕ ਪੂਰਾ ਕਰਨਾ ਹੋਵੇਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਵੱਲ ਧਿਆਨ ਦੁਆਇਆ ਹੈ ਕਿ ਇਸ ਸਚੱਾਈ ਨੂੰ ਸਮਝੋ ਕਿ ਇਬਾਦਤ ਰੱਬ ਦੇ ਪ੍ਰੇਮ ਨਾਲ ਨਿੱਜੀ ਰੂਪ ਵਿੱਚ ਰੰਗੀਨ ਹੋਕੇ ਕੀਤੀ ਜੇਵੇ, ਇਹ ਅਸਲ ਚੀਜ਼ ਹੈ । ਜੱਦ ਨਿੱਜੀ ਰੂਪ ਵਿੱਚ ਰੰਗੀਨ ਹੋਕੇ ਕੀਤੀ ਜਾਵੇਗੀ ਤਾਂ ਸੰਸਾਰ ਦੇ ਸਾਰੇ ਮੋਹ ਹੀ ਮੁੱਕ ਜਾਣਗੇ । ਫਿਰ ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਦੇਣ ਦੀ ਵਾਸਤਵਿਕਤਾ ਪ੍ਰਕਟ ਹੋਵੇਗੀ ਅਤੇ ਜੱਦ ਸੰਸਾਰਕ ਮਨੋਰਥ ਖ਼ਤਮ ਹੋ ਜਾਣਗੇ ਤਾਂ ਫਿਰ ਰੱਬ ਉਸ ਨੂੰ ਅਜਿਹੇ ਅਜਿਹੇ ਮਾਰਗਾਂ ਰਾਹੀਂ ਰਿਜ਼ਕ ਦੇਵੇਗਾ ਕਿ ਮੁਨੱਖ ਦੇ ਵਹਿਮ ਭਰਮ ਵਿੱਚ ਵੀ ਨਹੀਂ ਹੁੰਦਾ । ਜਿਵੇਂ ਕਿ ਰੱਬ ਫ਼ਰਮਾਉਂਦਾ ਹੈ ਕਿ :

وَمَنْ يَّتَّقِ اللّٰهَ يَجْعَلْ لَّهٗ مَخْرَجًا ○ وَّيَرْزُقْهُ مِنْ حَيْثُ لَا يَحْتَسِبُ

ਜੋ ਵਿਅਕਤੀ ਰੱਬ ਦਾ ਤਕਵਾ (ਸੰਜਮਤਾ) ਧਾਰਨ ਕਰਦਾ ਹੈ ਰੱਬ ਉਸਦੇ ਲਈ ਕੋਈ ਨ ਕੋਈ ਅਜਿਹਾ ਮਾਰਗ ਕੱਢ ਦੇਵੇਗਾ ਅਤੇ ਉਸ ਨੂੰ ਉੱਥੋਂ ਰਿਜ਼ਕ ਦੇਵੇਗਾ ਜਿੱਥੋਂ ਉਸ ਨੂੰ ਰਿਜ਼ਕ ਦੇ ਆਉਣ ਦਾ ਵਿਚਾਰ ਵੀ ਨਹੀਂ ਹੋਵੇਗ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਖੁਸ਼ਹਾਲੀ ਦਾ ਉਸੂਲ ਤਕਵਾ (ਸੰਜਮਤਾ) ਹੈ । ਇਹ ਬਿਲਕੁਲ ਸੱਚ ਹੈ ਕਿ ਰੱਬ ਆਪਣੇ ਬੰਦਿਆਂ ਨੂੰ ਨਸ਼ਟ ਨਹੀਂ ਕਰਦਾ ਅਤੇ ਉਹਨਾ ਨੂੰ ਦੂਜਿਆਂ ਅੱਗੇ ਹੱਥ ਅੱਡਣੇ ਵੀ ਸੁਰੱਖਿਅਤ ਰਖੱਦਾ ਹੈ । ਮੇਰਾ ਤਾਂ ਵਿਸ਼ਵਾਸ ਹੈ ਕਿ ਜੇਕਰ ਇਕ ਵਿਅਕਤੀ ਬਖ਼ੁਦਾ ਤੇ ਸਚੱਾ ਮੁਤੱਕੀ (ਸੰਜਮੀ) ਹੋਵੇ ਤਾਂ ਉਸ ਦੀਆਂ ਸੱਤ ਪੁਸ਼ਤਾਂ ਤੱਕ ਵੀ ਰੱਬ ਰਹਮਤ ਤੇ ਬਰਕਤ ਦਾ ਹੱਥ ਰਖੱਦਾ ਹੈ, ਸਿਵਾਏ ਇਸਦੇ ਕਿ ਆਪ ਕੋਈ ਬਦਕਿਸਮਤੀ ਨਾਲ ਆਪਣੇ ਅਜਿਹੇ ਕਰਮ ਕਰ ਲਏ ਜੋ ਰੱਬ ਦੀ ਮਿਹਰ ਤੋਂ ਵਾਂਝਿਆਂ ਹੋ ਜਾਏ । ਆਪ ਫ਼ਰਮਾਉਂਦੇ ਹਨ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਸਾਰੀਆਂ ਰੱਸੀਆਂ ਨੂੰ ਸਾੜ ਦੇਵੇ ਅਤੇ ਕੇਵਲ ਰੱਬ ਦੀ ਰੱਸੀ ਨੂੰ ਬਚਾਈ ਰੱਖੇ । ਸੱਚ ਹੈ ਕਿ ਜੋ ਰੱਬ ਦਾ ਹੋ ਜਾਂਦਾ ਹੈ, ਰੱਬ ਉਸਦਾ ਹੋ ਜਾਂਦਾ ਹੈ । ਅਜਿਹੇ ਬਣੋ ਕਿ ਤੁਹਾਡੇ'ਤੇ ਰੱਬ ਦੀਆਂ ਬਰਕਤਾਂ ਤੇ ਉਸ ਦੀਆਂ ਰਹਮਤਾਂ ਦੇ ਪ੍ਰਭਾਵ ਨਾਜ਼ਲ ਹੋਣ । ਫ਼ਰਮਾਉਂਦੇ ਹਨ ਉਹ ਵਿਅਕਤੀ ਜਿਸਦਾ ਉਮਰ ਪਾਉਣ ਦਾ ਉਦੇਸ਼ ਕੇਵਲ ਇਸ ਦੁਨੀਆ ਦੇ ਆਨੰਦ ਤੇ ਮਜ਼ੇ ਹਨ ਉਸ ਦੀ ਉਮਰ ਦਾ ਕੀ ਲਾਭ ਹੋ ਸਕਦਾ ਹੈ । ਉਹ ਤਾਂ ਆਪਣੀ ਉਮਰ ਦਾ ਉਦੇਸ਼ ਖਾਣ ਪੀਣ ਤੇ ਰਜੱਕੇ ਸੌਣ ਤੇ ਪਤਨੀ, ਬੱਚਿਆਂ ਤੇ ਚੰਗੇ ਘਰ ਜਾਂ ਘੋੜੇ ਆਦਿ ਰਖੱਣ ਜਾਂ ਚੰਗੇ ਬਾਗਾਂ ਜਾਂ ਚੰਗੀ ਫ਼ਸਲ ਉਪੱਰ ਹੀ ਖਤਮ ਹੋ ਜਾਂਦਾ ਹੈ । ਅਜਿਹਾ ਵਿਅਕਤੀ ਰੱਬ ਦਾ ਬੰਦਾ ਨਹੀਂ ਹੈ ਅਤੇ ਉਸ ਦੀ ਇਬਾਦਤ ਕਰਨ ਵਾਲਾ ਨਹੀਂ ਹੈ ਸਗੋਂ ਬੰਦਾ ਅਖਵਾ ਹੀ ਨਹੀਂ ਸਕਦਾ, ਸਗੋਂ ਉਹ ਤਾਂ ਕੇਵਲ ਆਪਣੇ ਵਿਅਕਤੀਗੱਤ ਉਦੇਸ਼ਿਆਂ ਦੀ ਇਬਾਦਤ ਕਰ ਰਿਹਾ ਹੈ । ਫ਼ਰਮਾਇਆ ਉਸ ਨੇ ਤਾਂ ਆਪਣਾ ਮੰਤਵ ਤੇ ਉਦੇਸ਼ ਅਤੇ ਮਾਬੂਦ (ਰੱਬ) ਕੇਵਲ ਨਫ਼ਸਾਨੀ ਇਛੱਾਵਾਂ ਅਤੇ ਹੈਵਾਨੀ ਆਨੰਦਾਂ ਨੂੰ ਹੀ ਬਣਾਇਆ ਹੋਇਆ ਹੈ । ਪਰ ਰੱਬ ਨੇ ਮਨੁੱਖੀ ਪੈਦਾਇਸ਼ ਦਾ ਮੂਲ ਮੁੱਦਾ ਕੇਵਲ ਆਪਣੀ ਇਬਾਦਤ ਹੀ ਰੱਖਿਆ ਹੈ, ਜਿਵੇਂ ਕਿ ਫ਼ਰਮਾਉਂਦਾ ਹੈ : وَمَا خَلَقْتُ الْجِنَّ وَالْإِنْسَ إِلَّا لِيَعْبُدُوْنِ ਅਤੇ ਮੈਂ ਮਨੁਖੱਾਂ ਤੇ ਜਿੰਨਾ ਨੂੰ ਕੇਵਲ ਆਪਣੀ ਇਬਾਦਤ ਲਈ ਪੈਦਾ ਕੀਤਾ ਹੈ । ਸੋ, ਘੇਰਾਬੰਦੀ ਕਰ ਦਿੱਤੀ ਕਿ ਕੇਵਲ ਤੇ ਕੇਵਲ ਇਲਾਹੀ ਇਬਾਦਤ ਉਦੇਸ਼ ਹੋਣਾ ਚਾਹੀਦਾ ਹੈ ਅਤੇ ਕੇਵਲ ਇਸੇ ਮੰਤਵ ਲਈ ਸਾਰਾ ਕਾਰਖ਼ਾਨਾ ਬਣਾਇਆ ਗਿਆ ਹੈ । ਇਸਦੇ ਵਿਪਰੀਤ ਹੋਰ ਦੇ ਹੋਰ ਹੀ ਇਰਾਦੇ ਅਤੇ ਹੋਰ ਦੀਆਂ ਹੋਰ ਹੀ ਇਛੱਾਵਾਂ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਗਲੱਾਂ ਸਾਨੂੰ ਗ਼ੌਰ ਤੇ ਚਿੰਤਾ ਵਿੱਚ ਪਾਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਕਿ ਕਿਵੇਂ ਅਸੀਂ ਆਪਣੇ ਜੀਵਨ ਦੇ ਮਨੋਰਥ ਨੂੰ ਪਾਉਣ ਵਾਲੇ ਬਣੀਏ । ਕੇਵਲ ਇਸ ਸੰਸਾਰਕ ਜੀਵਨ ਦੀ ਚਿੰਤਾ ਨ ਕਰੀਏ । ਸਾਡੀਆਂ ਸੋਚਾਂ, ਸਾਡੀਆਂ ਮਿਹਨਤਾਂ ਕੇਵਲ ਇਸ ਦੁਨੀਆ ਨੂੰ ਹਾਸਲ ਕਰਨ ਵਿੱਚ ਹੀ ਨ ਲੰਘ ਜਾਣ ਸਗੋਂ ਅਸੀਂ ਆਪਣੇ ਜੀਵਨ ਦੇ ਮੂਲ ਮਨੋਰਥ ਤੇ ਉਦੇਸ਼ ਨੂੰ ਹਾਸਲ ਕਰਨ ਲਈ ਆਪਣੇ ਸਾਰੇ ਜਤਨਾਂ ਨੂੰ ਕੰਮ ਲਿਆਉਣ ਵਾਲੇ ਹੋਈਏ । ਇਹਨਾ ਦੇਸ਼ਾਂ ਵਿੱਚ ਆਣਕੇ ਅਸੀਂ ਰੱਬ ਦੀਆਂ ਮਿਹਰਾਂ ਨੂੰ ਅਨੁਭਵ ਕਰਦਿਆਂ ਹੋਇਆਂ ਉਸ ਦੀਆਂ ਇਬਾਦਤਾਂ ਦੇ ਹੱਕ ਪੂਰੇ ਕਰਨ ਵਾਲੇ ਬਣੀਏ । ਸਾਡੇ ਇਰਾਦੇ ਅਤੇ ਸਾਡੀਆਂ ਇਛੱਾਵਾਂ ਹੋਰ ਦੀਆਂ ਹੋਰ ਨ ਹੋਣ ਸਗੋਂ ਅਸੀਂ ਆਪਣੇ ਪੈਦਾ ਕਰਦ ਵਾਲੇ ਨੂੰ ਪਛਾਨਣ ਵਾਲੇ ਬਣਦਿਆਂ ਹੋਇਆਂ ਆਪਣੇ ਜਨਮ ਦਾ ਹੱਕ ਪੂਰਾ ਕਰਨ ਵਾਲੇ ਬਣੀਏ ਅਤੇ ਇਸ ਜ਼ਮਾਨੇ ਵਿੱਚ ਜਿਸ ਮਨੋਰਥ ਲਈ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪ੍ਰਕਟ ਕੀਤਾ ਹੈ ਉਸ ਨੂੰ ਪੂਰਾ ਕਰਨ ਵਾਲੇ ਬਣੀਏ । ਹਜ਼ਰਤ ਅਕਦਸ ਮਸੀਹ ਮੌਊਨ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਇਸ ਲਈ ਭੇਜਿਆ ਗਿਆ ਹਾਂ ਤਾਂ ਜੋ ਇਮਾਨਾ ਨੂੰ ਮਜ਼ਬੂਤ ਕਰਾਂ ਅਤੇ ਰੱਬ ਦੇ ਵੁਜੂਦ ਨੂੰ ਲੋਕਾਂ ਦੇ ਦਿਲਾਂ ਵਿੱਚ ਪ੍ਰਮਾਣਤ ਕਰਕੇ ਦਿਖਾ ਦਿਆਂ ਕਿਉਂਕਿ ਹਰ ਇਕ ਕੌਮ ਦੀ ਇਮਾਨ ਦੀਆਂ ਹਾਲਤਾਂ ਅਤਿਅੰਤ ਕਮਜ਼ੋਰ ਹੋ ਗਈਆਂ ਹਨ ਅਤੇ ਅੰਤਮ ਯੁੱਗ ਵਿੱਚ ਇਸ ਨੂੰ ਕੇਵਲ ਇਕ ਅਫ਼ਸਾਨਾ ਸਮਝਿਆ ਜਾਂਦਾ ਹੈ ਅਤੇ ਹਰ ਇਕ ਮਨੁੱਖ ਆਪਣੀ ਅਮਲੀ ਹਾਲਤ ਰਾਹੀਂ ਦੱਸ ਰਿਹਾ ਹੈ ਕਿ ਉਹ ਜਿਵੇਂ ਸੰਸਾਰ ਤੇ ਸੰਸਾਰਕ

ਮਰਤਬਿਆਂ ਉਪੱਰ ਭਰੋਸਾ ਰਖੱਦਾ ਹੈ ਅਤੇ ਜਿਵੇਂ ਕਿ ਸੰਸਾਰਕ ਸਬਬਾਂ ਉਪੱਰ ਭਰੋਸਾ ਹੈ ਇਹ ਵਿਸ਼ਵਾਸ ਉਕੱਾਂ ਹੀ ਰੱਬ ਅਤੇ ਆਖ਼ਰਤ ਉਪੱਰ ਨਹੀਂ ਹੈ । ਮੂੰਹ'ਤੇ ਕੁਝ ਹੋਰ ਹੈ ਪਰ ਦਿਲਾਂ ਵਿੱਚ ਦੁਨੀਆ ਦੇ ਮੋਹ ਦਾ ਗ਼ਲਬਾ ਹੈ । ਫ਼ਰਮਾਇਆ ਕਿ ਯਹੂਦੀਆ ਵਿੱਚ ਰੱਬ ਦਾ ਪ੍ਰੇਮ ਠੰਡਾ ਪੈ ਗਿਆ ਸੀ ਤਾਂ ਮਸੀਹ ਆਇਆ ਸੀ ਅਤੇ ਹੁਣ ਮੇਰੇ ਜ਼ਮਾਨੇ ਵਿੱਚ ਵੀ ਇਹੋ ਹਾਲਤ ਹੈ । ਸੋ ਮੈਂ ਭੇਜਿਆ ਗਿਆ ਹਾਂ ਕਿ ਇਮਾਨ ਦਾ ਜ਼ਮਾਨਾ ਫਿਰ ਆਵੇ ਅਤੇ ਦਿਲਾਂ ਵਿੱਚ ਤਕਵਾ (ਸੰਜਮਤਾ) ਪੈਦਾ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਅੱਜ ਸਾਡਾ ਕੰਮ ਹੈ ਆਪ ਦੀ ਬੈਅਤ ਦਾ ਹੱਕ ਪੂਰਾ ਕਰਦਿਆਂ ਹੋਇਆਂ ਜਿੱਥੇ ਆਪਣੇ ਆਪਨੂੰ ਰੱਬ ਦੇ ਪ੍ਰੇਮ ਵਿੱਚ ਵਧਾਈਏ, ਤੌਹੀਦ (ਇਕ ਈਸ਼ਵਰਵਾਦ) ਨੂੰ ਆਪਣੇ ਦਿਲਾਂ ਵਿੱਚ ਮਜ਼ਬੂਤ ਕਰੀਏ, ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਦੇ ਟਾਕਰੇ ਵਿੱਚ ਦੁਨੀਆ ਅਤੇ ਉਸਦੇ ਸੁਖੱਾਂ ਨੂੰ ਪਿੱਛੇ ਪਾਉਂਦਿਆਂ ਹੋਇਆਂ ਆਪਣੇ ਅੰਦਰ ਇਕ ਨਵੀਂ ਪਾਕ ਤਬਦੀਲੀਆਂ ਨਾਲ ਇਸ ਸਮਾਜ ਨੂੰ ਰੱਬ ਦੇ ਨੇੜੇ ਲਿਆਉਣ ਦਾ ਜਤਨ ਕਰੀਏ । ਅੱਜ ਦੁਨੀਆਂ ਰੱਬ ਨੇ ਵੁਜੂਦ ਨੂੰ ਮੰਨਣ ਤੋਂ ਇਨਕਾਰੀ ਹੈ ਅਤੇ ਹਰ ਸਾਲ ਵਾਹਵਾ ਵੱਡੀ ਗਿਣਤੀ ਵਿੱਚ ਲੋਕ ਰੱਬ ਦੇ ਵੁਜੂਦ ਤੋਂ ਇਨਕਾਰੀ ਹੁੰਦੇ ਚਲੇ ਜਾ ਰਹੇ ਹਨ ।

ਸੋ, ਇਹ ਲੋਕ ਜੋ ਇਨਕਾਰੀ ਹੋ ਰਹੇ ਹਨ, ਤਾਂ ਅਜਿਹੀ ਅਵਸਥਾ ਵਿੱਚ ਰੱਬ ਦਾ ਪ੍ਰੇਮ ਆਪਣੇ ਦਿਲਾਂ ਵਿੱਚ ਪੈਦਾ ਕਰਕੇ ਦੁਨੀਆ ਨੂੰ ਵੀ ਰੱਬ ਦੇ ਵੁਜੂਦ ਦੀ ਵਾਸਤਵਿਕਤਾ ਤੋਂ ਜਾਣੂ ਕਰਾਈਏ । ਤਾਂ ਫਿਰ ਹੀ ਅਸੀਂ ਇਸ ਜਲਸੇ ਦੇ ਮੰਤਵ ਨੂੰ ਪੂਰਾ ਕਰਨ ਵਾਲੇ ਹੋਵਾਂਗੇ ਅਤੇ ਫਿਰ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦੇ ਹੱਕ ਨੂੰ ਵੀ ਪੂਰਾ ਕਰਨ ਵਾਲੇ ਹੋਵਾਂਗੇ । ਸਾਨੂੰ ਆਪਣੀਆਂ ਸੰਤਾਨਾ ਅਤੇ ਆਪਣੀਆਂ ਨਸਲਾਂ ਦੇ ਦਿਲਾਂ ਵਿੱਚ ਵੀ ਰੱਬ ਦਾ ਪ੍ਰੇਮ ਅਤੇ ਉਸਦੇ ਰਸੂਲ ਦਾ ਪ੍ਰੇਮ ਪੈਦਾ ਕਰਨ ਲਈ ਭਰਪੂਰ ਜਤਨ ਕਰਨਾ ਹੋਵੇਗਾ । ਚੇਤੇ ਰੱਖੋ ਕਿ ਇਹ ਰੱਬ ਦੀ ਮਿਹਰ ਤੋਂ ਬਿਨਾਂ ਅਸੰਭਵ ਹੈ । ਇਸ ਲਈ ਉਸ ਦੀਆਂ ਮਿਹਰਾਂ ਨੂੰ ਪਾਉਣ ਲਈ ਵੀ ਬਹੁਤ ਦੁਆਵਾਂ ਦੀ ਲੋੜ ਹੈ ਅਤੇ ਇਸ ਵੱਲ ਬਹੁਤ ਧਿਆਨ ਦੇਣਾ ਹੋਵੇਗਾ ਅਲੱਾਹ ਤਆਲਾ ਸਾਨੂੰ ਇਸਦੀ ਤੌਫ਼ੀਕ ਪ੍ਰਦਾਨ ਕਰੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 27.09.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131